# ਸ਼ਹਾਦਤਾਂ ਦੇ ਸੁਪਨਿਆਂ ਦੇਸ਼ ਆਬਾਦ ਕੀਤਾ

ਸ਼ਹੀਦ ਕਿਸੇ ਕੌਮ ਦੇ ਸਭ ਤੋਂ ਵੱਡੇ ਪ੍ਰੇਰਣਸ੍ਰੋਤ ਹੁੰਦੇ ਹਨ। ਸ਼ਹੀਦਾਂ ਦੀ ਯਾਦ ਦੀ ਚੋਭ ਸਾਨੂੰ ਹਮੇਸ਼ਾ ਹੀ ਨਾ-ਉਮੀਦੀ ਦੀ ਬੇਹੋਸ਼ੀ ਵਿਚੋਂ ਜਗਾਉਂਦੀ ਰਹਿੰਦੀ ਹੈ। ਅੱਜ ਅਸੀਂ ਜਿਹੜੇ ਦੋ ਸ਼ਹੀਦਾਂ ਦੀ ਯਾਦ ਮਨਾਉਣ ਲਈ ਇਕੱਤਰ ਹੋਏ ਹਾਂ, ਉਨਾਂ ਦੀ ਸ਼ਹਾਦਤ ਦਾ ਅਹਿਸਾਸ ਵੀ ਸਾਨੂੰ ਪੰਥ ਦੀ ਅਜੋਕੀ ਦੁਰਦਸ਼ਾ ਨਾਲ ਜੋੜ ਕੇ ਕਰਨਾ ਚਾਹੀਦਾ ਹੈ। ਅੱਜ ਸਾਡਾ ਬੜੀ ਹੀ ਸ਼ਿੱਦਤ ਨਾਲ ਇਹ ਸੋਚਣਾ ਬਣਦਾ ਹੈ ਕਿ ਸਿੱਖ ਸ਼ਹਾਦਤ ਹੈ ਕੀ? ਸ਼ਹਾਦਤ ਅਕਾਲ ਪੁਰਖ ਪ੍ਰਤੀ ਸਾਡੇ ਪ੍ਰੇਮ ਦਾ ਇਕ ਜ਼ਬਰਦਸਤ ਪ੍ਰਗਟਾਵਾ ਹੋ ਸਕਦੀ ਹੈ। ਇਹ ਪੂਰੇ ਆਲਮ ਅੰਦਰ ਫੈਲੇ ਬੇਅੰਤ ਡਰਾਉਣੇ ਅਨਿਆਂ ਅਤੇ ਜ਼ੁਲਮ ਦੀ ਅੱਖ ਵਿੱਚ ਅੱਖ ਪਾ ਕੇ ਵੇਖਣ ਦੀ ਦਲੇਰੀ ਹੋ ਸਕਦੀ ਹੈ। ਇਹ ਜਿੰਦਗੀ ਦਾ ਮੌਤ ਨੂੰ ਫਤਿਹ ਕਰਨ ਤੋਂ ਬਾਅਦ ਲਾਇਆ ਜੈਕਾਰਾ ਹੋ ਸਕਦੀ ਹੈ। ਸੋ ਸ਼ਹਾਦਤ ਨੂੰ ਬੱਝਵੇਂ ਅਰਥਾਂ ਵਿਚ ਵੇਖਣਾ ਕਿਵੇਂ ਵੀ ਜਾਇਜ਼ ਨਹੀਂ ਹੈ। ਇਹ ਪ੍ਰੇਮ ਦੀ ਖੇਡ ਹੈ ਜੋ ਹਰ ਵਾਰ ਨਵੇਂ ਰੂਪ ਵਿਚ ਆਪਣੇ ਆਪ ਨੂੰ ਪ੍ਰਗਟ ਕਰਦੀ ਹੈ।

ਇਤਿਹਾਸ ਅੰਦਰ ਕੌਮਾਂ ਸ਼ਹੀਦਾਂ ਦੇ ਡੁੱਲ੍ਹੇ ਲਹੂ ਦੀ ਬਰਕਤ ਨਾਲ ਹੀ ਜਿਉਂਦੀਆਂ ਰਹਿੰਦੀਆਂ ਹਨ। ਇਸ ਲਈ ਆਪਣੇ ਸ਼ਹੀਦਾਂ ਨੂੰ ਯਾਦ ਰੱਖਣਾ ਹਰੇਕ ਕੌਮ ਦਾ ਮੁੱਢਲਾ ਫਰਜ਼ ਹੁੰਦਾ ਹੈ। ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਨੂੰ ਵੀ ਸਾਡੀ ਸੱਚੀ ਸ਼ਰਧਾਂਜਲੀ ਇਹੋ ਹੀ ਹੋਵੇਗੀ ਕਿ ਅੱਜ ਅਸੀਂ ਸਮੂਹ ਸਿੱਖ-ਸ਼ਹੀਦਾਂ ਦੀ ਯਾਦ ਅੱਗੇ ਤੋਂ ਵੱਧ-ਚੜ੍ਹ ਕੇ ਮਨਾਉਣ ਦਾ ਪ੍ਰਣ ਕਰੀਏ । ਸ਼ਹੀਦਾਂ ਨੂੰ ਭੁਲਾਉਣ ਤੋਂ ਵੱਡੀ ਅਕ੍ਰਿਤਘਣਤਾ ਹੋਰ ਕੋਈ ਹੋ ਹੀ ਨਹੀਂ ਸਕਦੀ ਜੋ ਅੱਜ ਅਸੀਂ ਕਰ ਰਹੇ ਹਾਂ।

ਸ਼ਹਾਦਤ ਦੇ ਕਰਮ ਨੂੰ ਸਿਰਫ਼ ਬਦਲੇ ਤੱਕ ਸੀਮਿਤ ਕਰਕੇ ਦੇਖਣਾ ਵੀ ਜਾਇਜ਼ ਨਹੀਂ। ਸ਼ਹੀਦ ਆਪਣੀ ਸ਼ਹਾਦਤ ਰਾਹੀਂ ਇਨਸਾਨੀ ਹਿਰਦੇ ਅੰਦਰ ਮੌਤ ਤੋਂ ਉਪਰ ਕਿਸੇ ਅਜਿੱਤ ਜਜ਼ਬੇ ਦੇ ਹੋਣ ਦੀ ਗਵਾਹੀ ਵੀ ਦਿੰਦਾ ਹੈ। ਇਸੇ ਲਈ ਕਿਸੇ ਦੇ ਸ਼ਹੀਦ ਹੋਣ ਨਾਲ ਕੌਮ ਨੂੰ ਕਦੇ ਵੀ ਘਾਟਾ ਨਹੀਂ ਪੈਂਦਾ। ਸ਼ਹਾਦਤ ਕਦੇ ਵੀ ਘਾਟਾ ਨਹੀਂ ਹੁੰਦੀ, ਇਹੀ ਹਮੇਸ਼ਾ ਹੀ ਇਕ ਵਾਧਾ ਹੁੰਦੀ ਹੈ। ਸ਼ਹੀਦ ਆਪਣੇ ਕਰਮ ਰਾਹੀਂ ਪਤਾ ਨਹੀਂ ਕਿੰਨਿਆਂ ਹਿਰਦਿਆਂ ਅੰਦਰ ਸ਼ਹਾਦਤ ਦੀ ਤਾਂਘ ਨੂੰ ਪ੍ਰਚਲਿਤ ਕਰਦਾ ਹੈ। ਸ਼ਹਾਦਤਾਂ ਕੌਮਾਂ ਨੂੰ ਅਬਾਦ ਕਰਦੀਆਂ ਹਨ, ਉਜਾੜਦੀਆਂ ਨਹੀਂ।

ਅੱਜ ਜਦੋਂ ਸਾਡੀ ਪੀੜ੍ਹੀ ਤੇ ਭਟਕ ਜਾਣ ਦੀ ਗੱਲ ਹੋ ਰਹੀ ਹੈ, ਜਦੋਂ ਭਵਿੱਖ ਦੀ ਚਿੰਤਾ ਕੀਤੀ ਜਾ ਰਹੀ ਹੈ ਤਾਂ ਸਭ ਤੋਂ ਅਹਿਮ ਸਵਾਲ ਹੈ ਕਿ ਇਸ ਸਮੁੱਚੇ ਵਰਤਾਰੇ ਨੂੰ ਸਮਝਣ ਲਈ ਅਧਾਰ ਕੀ ਮੰਨਿਆ ਜਾਵੇ? ਸ਼ਹਾਦਤ ਦਾ ਮਹੱਤਵ ਇੱਥੇ ਹੀ ਸਹੀ ਅਰਥ ਵਿਚ ਉਘੜਦਾ ਹੈ। ਕੌਮਾਂ ਦੇ ਭਵਿੱਖ ਦੀ ਨਿਸ਼ਾਨਦੇਹੀ ਕਰਨ ਲਈ

ਸ਼ਹਾਦਤ ਹੀ ਰੋਲ ਅਦਾ ਕਰਦੀ ਹੈ। ਜੇ ਅੱਜ ਨੇਤਾਵਾਂ, ਬੁੱਧੀਜੀਵੀਆਂ ਨੂੰ ਕੁਝ ਸਮਝ ਨਹੀਂ ਲੱਗ ਰਹੀ ਤਾਂ ਕੁਲ ਕਾਰਣ ਹੈ - ਅਕੀਦੇ ਤੇ ਵਿਰਾਸਤ ਨਾਲੋਂ ਦੂਰੀ। ਆਪਨੀ ਵਿਰਾਸਤ ਪ੍ਰਤੀ ਸਮਝ ਜਿੰਨੀ ਨਿਖਰਵੀਂ ਹੁੰਦੀ ਹੈ, ਇਤਿਹਾਸ ਨਾਲ ਸਾਂਝ ਜਿੰਨੀ ਪੀਡੀ ਹੁੰਦੀ ਹੈ ਭਵਿੱਖ ਦਾ ਰਾਹ ਉਨ੍ਹਾਂ ਦੀ ਸਪਸ਼ਟ ਹੁੰਦਾ ਹੈ।

ਇਕ ਪਾਸੇ ਮੀਡੀਆ ਤੇ ਹੋਰ ਪ੍ਰਚਾਰ ਸਾਧਨ ਸਾਡੀ ਪੀੜ੍ਹੀ ਦਾ ਵਿਰਾਸਤ ਨਾਲੋਂ ਮੋਹ ਭੰਗ ਕਰ ਰਹੇ ਹਨ ਤਾਂ ਦੂਜੇ ਪਾਸੇ ਸਿੱਖਿਆ ਪ੍ਰਬੰਧ ਉਨ੍ਹਾਂ ਨੂੰ ਸਮਝਣ ਤੋਂ ਅਸਮਰੱਥ ਕਰ ਰਿਹਾ ਹੈ। ਸਿੱਖਿਆ ਜੀਵਨ ਨੂੰ ਜਿਉਣ ਯੋਗ ਬਣਾਉਣ ਦੀ ਥਾਂ ਕਮਾਉਣ ਯੋਗ 'ਤੇ ਸੀਮਤ ਕਰ ਰਹੀ ਹੈ। ਜਿੰਦਗੀ ਨੂੰ ਟੋਟਿਆਂ ਵਿਚ ਵੰਡ ਕੇ, ਜੀਵਨ ਦੇ ਮੰਤਵ ਨੂੰ ਛੋਟਾ ਕਰਕੇ ਪੇਸ਼ ਕਰ ਰਹੀ ਹੈ। ਅਸੀਂ ਆਪਣੀ ਜਿਹੜੀ ਪੀੜ੍ਹੀ 'ਤੇ ਆਸ ਲਾਈ ਹੈ ਉਸ ਨੂੰ ਸਿੱਖਿਆ ਹੀ ਸਹੀ ਨਹੀਂ ਮਿਲ ਰਹੀ। ਗੁਰਮਿਤ ਵਿਚਾਰਧਾਰਾ ਅਨੁਸਾਰ ਸਿੱਖਿਆ ਮੂਲ ਮਾਨਵੀ ਕੀਮਤਾਂ ਨੂੰ ਸਾਂਭਣ ਤੇ ਵਿਗਸਾਣ ਦਾ ਰਾਹ ਹੈ ਤੇ ਸ਼ਹਾਦਤ ਇਸ ਦਾ ਸਿਖਰਲਾ ਰੂਪ ਹੈ।

ਸਿੱਖ ਸਟੂਡੈਂਟਸ ਫੈਡਰੇਸ਼ਨ, ਜਿਸ ਦਾ ਆਪਣਾ ਇਤਿਹਾਸ ਬੇਅੰਤ ਕੁਰਬਾਨੀਆਂ ਨਾਲ ਭਰਿਆ ਪਿਆ ਹੈ, ਜਿਸਦੀ ਸਥਾਪਨਾ ਗੁਰੂ ਸਿੱਖਿਆ ਦੀ ਲੋਅ ਵਿਚ ਗੁਰਸਿੱਖ ਜੀਵਨ ਵਾਲੇ ਸਿੱਖਿਆ ਮਾਡਲ ਦੀ ਘਾੜਤ ਲਈ ਹੋਈ ਸੀ, ਸਿੱਖ ਸੰਗਤਾਂ ਨੂੰ ਅਪੀਲ ਕਰਦੀ ਹੈ ਕਿ ਸ਼ਹੀਦਾਂ ਦੀਆਂ ਬਰਸੀਆਂ ਵੱਧ ਤੋਂ ਵੱਧ ਮਨਾਉਣ। ਪਰ ਇਹ ਕਾਰਜ ਸਹੀ ਰੂਪ ਵਿਚ ਤਾਂ ਹੀ ਸਫਲ ਹੈ ਜੇ ਅਸੀਂ ਆਪਣੀ ਪੀੜ੍ਹੀ ਨੂੰ ਵਿਰਾਸਤ ਨਾਲ ਜੋੜ ਕੇ ਉਨ੍ਹਾਂ ਲਈ ਸਿੱਖਿਆ ਦਾ ਸਹੀ ਰੂਪ ਉਜਾਗਰ ਕਰ ਸਕਾਂਗੇ। ਉਨ੍ਹਾਂ ਨੂੰ ਜਿੰਦਗੀ ਨੂੰ ਸਮੁੱਚ ਵਿਚ ਵੇਖਣ ਦਾ ਨਜ਼ਰੀਆ ਪ੍ਰਦਾਨ ਕਰ ਸਕਾਂਗੇ ਕਿ ਧਰਮ ਅਤੇ ਰਾਜਨੀਤੀ, ਰੋਟੀ ਅਤੇ ਸਵੈਮਾਣ ਦਾ ਮਸਲਾ ਵੱਖਰੇ-ਵੱਖਰੇ ਨਹੀਂ ਸਗੋਂ ਅੰਦਰਲੀ ਮੂਲ ਸਮੱਸਿਆ ਦੇ ਬਾਹਰੀ ਰੂਪ ਹਨ। ਸਾਡੇ ਆਪਣੇ ਅੰਦਰ ਅਤੇ ਬਾਹਰ ਦੀ ਜੰਗ ਬਰਾਬਰ ਚੱਲਣੀ ਹੈ ਜਿਸ ਤੋਂ ਅਸੀਂ ਆਪਣਿਆਂ ਅਤੇ ਬੇਗਾਨਿਆਂ ਸਿਰ ਦੋਸ਼ ਥੱਪ ਕੇ ਬਚ ਨਹੀਂ ਸਕਦੇ। ਜੇ ਅੱਜ ਅਸੀਂ ਇਹ ਜਿੰਮੇਵਾਰੀ ਨਾ ਸੰਭਾਲੀ ਤਾਂ ਅਸੀਂ ਭੂਤ, ਭਵਿੱਖ ਅਤੇ ਵਰਤਮਾਨ ਸਾਹਵੇਂ ਗੁਨਾਹਗਾਰ ਹੋਵਾਂਗੇ ਅਤੇ ਗੁਰੂ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰੇਗਾ।

ਵੱਲੋਂ

# ਸਿੱਖ ਸਟੂਡੈਂਟਸ ਫੈਡਰੇਸ਼ਨ

*(ਇਹ ਦਸਤਾਵੇਜ਼ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ 9 ਅਕਤੂਬਰ 2003 ਨੂੰ ਪਿੰਡ ਗਦਲੀ ਵਿਖੇ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੇ ਸਾਲਾਨਾ ਸ਼ਹੀਦੀ ਸਮਾਗਮ ਮੌਕੇ ਵੰਡਿਆ ਗਿਆ )*

For More Publications Visit Us: www.sikhstudentsfederation.com